Government of **Western Australia**
**School Curriculum and Standards Authority**

# ਵਿਦਿਆਰਥੀ ਪੋਰਟਲ ਵਿੱਚ ਲੌਗ ਇਨ ਕਰੋ


ਵਿਦਿਆਰਥੀ ਪੋਰਟਲ ਵਿੱਚ ਇੱਥੇ ਲੌਗ ਇਨ ਕਰੋ https://studentportal.scsa.wa.edu.au

ਆਪਣਾ **WA ਵਿਦਿਆਰਥੀ ਨੰਬਰ** ਦਰਜ਼ ਕਰੋ ਜੋ ਕਿ ਤੁਸੀਂ ਆਪਣੀ ਸਕੂਲ ਰਿਪੋਰਟ/ਟਾਂ ਉਪਰ ਲੱਭ ਸਕੋਗੇ। ਇਹ ਤੁਹਾਡੇ ਸਮਾਰਟ ਰਾਈਡਰ ਉਪਰ ਵੀ ਹੋ ਸਕਦਾ ਹੈ।

ਤੁਹਾਡਾ ਪਾਸਵਰਡ ਤੁਹਾਡੇ ਪਰਿਵਾਰਕ ਨਾਮ ਅਤੇ ਜਨਮ ਦੀ ਤਰੀਕ ਦਾ ਸੁਮੇਲ ਹੈ – **Nnddmmyyyy**:

- **Nn** = ਤੁਹਾਡੇ ਪਰਿਵਾਰਕ ਨਾਮ ਦੇ ਪਹਿਲੇ ਦੋ ਅੱਖਰ: ਪਹਿਲਾ ਅੰਗਰੇਜ਼ੀ ਦਾ ਵੱਡਾ ਅੱਖਰ (A–Z) ਅਤੇ ਦੂਸਰਾ ਅੰਗਰੇਜ਼ੀ ਦਾ ਛੋਟਾ ਅੱਖਰ (a–z), ਬਿਨਾਂ ਕਿਸੇ ਵਿਰਾਮ ਜਾਂ ਖਾਲੀ ਥਾਂ ਦੇ
- **ddmmyyyy** = ਤੁਹਾਡੀ ਜਨਮ ਦੀ ਤਰੀਕ ਦਿਨ ਮਹੀਨਾ ਅਤੇ ਸਾਲ ਦੇ ਰੂਪ ਵਿੱਚ।

ਚੈਕ ਬਾਕਸ ਨੂੰ ਟਿੱਕ ਕਰੋ (ਉਪਰ ਚਮਕਾਇਆ ਗਿਆ ਹੈ) ਇਹ ਦਰਸਾਉਣ ਲਈ ਕਿ ਤੁਸੀਂ ਵਰਤਣ ਦੀਆਂ ਸ਼ਰਤਾਂ ਪੜ੍ਹ ਅਤੇ ਸਮਝ ਲਈਆਂ ਹਨ ਅਤੇ ਵਿਦਿਆਰਥੀ ਪੋਰਟਲ ਵਿੱਚ ਜਾਣ ਲਈ **Login** ਬਟਨ (ਉਪਰ ਚਮਕਾਇਆ ਗਿਆ ਹੈ) ਉਪਰ ਕਲਿੱਕ ਕਰੋ।


Student portal

Login

WA student number

Username

Password

Password

I have read and understand the terms of use and privacy collection notice

LOGIN | CANCEL

Login instructions for first-time users

Enter your **WA student number**.

Your initial password is a combination of your family name and date of birth — **Nnddmmyyyy**:

- **Nn** = the first two letters of your family name: the first as a capital letter (A-Z) and the second as a lower case letter (a-z), excluding any punctuation or spaces.
- **ddmmyyyy** = your date of birth in day month year format.

For example, Ms Smith, born on 5 October 2004, would be **Sm05102004**. Mr O'Pearson, born on 18 March 2002, would be **Op18032002**.


If your family name has fewer than two letters, or you do not have a family name, then use **Ab**. For example, Ms U, born on 26 June 2003, would be **Ab26062003**.

Forgot your password?


**ਆਪਣਾ ਨਿੱਜੀ ਈਮੇਲ ਐਡਰੈਸ ਬਣਾਓ**

ਜਦੋਂ ਤੁਸੀਂ ਪਹਿਲੀ ਵਾਰ ਲੌਗ ਇਨ ਕਰ ਰਹੇ ਹੋ, ਤੁਹਾਨੂੰ ਆਪਣਾ ਨਿੱਜੀ ਈਮੇਲ ਐਡਰੈਸ ਦਰਜ਼ ਕਰਨ ਲਈ ਕਿਹਾ ਜਾਵੇਗਾ। ਉਹ ਨਿੱਜੀ ਈਮੇਲ ਐਡਰੈਸ ਚੁਣੋ ਜੋ ਤੁਸੀਂ ਆਮ ਤੌਰ ਤੇ ਵਰਤਦੇ ਹੋ ਅਤੇ **Set** ਬਟਨ (ਉਪਰ ਚਮਕਾਇਆ ਗਿਆ ਹੈ) ਉਪਰ ਕਲਿੱਕ ਕਰੋ।

ਨੋਟ: ਤੁਹਾਨੂੰ ਨਿੱਜੀ ਈਮੇਲ ਐਡਰੈਸ ਵਰਤਣ ਦੀ ਲੋੜ ਹੈ ਤਾਂ ਜੋ ਤੁਸੀਂ ਵਿਦਿਆਰਥੀ ਪੋਰਟਲ ਨੂੰ ਸਕੂਲ ਛੱਡਣ ਤੋਂ ਬਾਅਦ ਅਤੇ ਜਦੋਂ ਤੁਹਾਡਾ ਸਕੂਲ ਵਾਲਾ ਈਮੇਲ ਐਡਰੈਸ ਖਤਮ ਹੋ ਚੁੱਕਾ ਹੈ, ਤਾਂ ਵੀ ਵਰਤ ਸਕੋ।




ਪੁਸ਼ਟੀ ਕਰਨ ਵਾਲੀ ਇਕ ਈਮੇਲ ਤੁਹਾਡੇ ਈਮੇਲ ਐਡਰੈਸ ਉੱਤੇ ਭੇਜੀ ਜਾਵੇਗੀ।





ਆਪਣੇ ਈਮੇਲ ਐਡਰੈਸ ਦੀ ਪੁਸ਼ਟੀ ਕਰਨ ਅਤੇ ਆਪਣੀ ਰਜਿਸਟ੍ਰੇਸ਼ਨ ਨੂੰ ਪੂਰਾ ਕਰਨ ਲਈ, ਆਪਣੇ ਨਿੱਜੀ ਈਮੇਲ ਦੇ ਖਾਤੇ ਵਿੱਚ ਜਾਓ ਅਤੇ ਅਧਿਕਾਰੀਆਂ ਵੱਲੋਂ ਭੇਜੀ ਗਈ ਈਮੇਲ ਵਿੱਚਲੇ ਲਿੰਕ ਉਪਰ ਕਲਿੱਕ ਕਰੋ (ਉਦਾਹਰਣ ਹੇਠਾਂ ਚਮਕਾਈ ਗਈ ਹੈ)।

### ਆਪਣਾ ਨਵਾਂ ਪਾਸਵਰਡ ਬਣਾਓ

ਜਦੋਂ ਤੁਸੀਂ ਆਪਣੇ ਈਮੇਲ ਐਡਰੈਸ ਦੀ ਪੁਸ਼ਟੀ ਕਰ ਲਈ, ਉਦੋਂ ਤੁਹਾਨੂੰ ਆਪਣੇ ਪਾਸਵਰਡ ਨੂੰ ਦੋਬਾਰਾ ਬਨਾਉਣ ਲਈ ਕਿਹਾ ਜਾਵੇਗਾ।


ਤੁਹਾਡੇ ਨਵੇਂ ਪਾਸਵਰਡ ਦੇ ਵਿੱਚ ਘੱਟੋ ਘੱਟ 8 ਅੱਖਰ, ਘੱਟੋ ਘੱਟ ਇਕ ਅੰਕ (0–9), ਘੱਟੋ ਘੱਟ ਇਕ ਵੱਡਾ ਅੱਖਰ (A–Z) ਅਤੇ ਘੱਟੋ ਘੱਟ ਇਕ ਛੋਟਾ ਅੱਖਰ (a–z) ਹੋਣਾ ਜ਼ਰੂਰੀ ਹੈ। ਇਕ ਨਵਾਂ ਪਾਸਵਰਡ ਚੁਣੋ ਜੋ ਕਿ ਸੌਖੀ ਤਰ੍ਹਾਂ ਯਾਦ ਰੱਖਿਆ ਜਾ ਸਕੇ ਅਤੇ ਇਸ ਨੂੰ ਸੁਰੱਖਿਅਤ ਜਗ੍ਹਾ ਉਪਰ ਰੱਖੋ।

ਆਪਣੇ ਨਵੇਂ ਪਾਸਵਰਡ ਨੂੰ ਦੋਬਾਰਾ ਦਰਜ ਕਰੋ ਅਤੇ ਪੁਸ਼ਟੀ ਕਰੋ। ਆਪਣੇ ਨਵੇਂ ਪਾਸਵਰਡ ਨੂੰ ਦੋਬਾਰਾ ਬਨਾਉਣ ਲਈ **Reset** ਬਟਨ (ਉਪਰ ਚਮਕਾਇਆ ਗਿਆ ਹੈ) ਉਪਰ ਕਲਿੱਕ ਕਰੋ।





### ਆਪਣੇ ਵਿਦਿਆਰਥੀ ਐਲਾਨਨਾਮੇ ਅਤੇ ਮਨਜ਼ੂਰੀਆਂ ਨੂੰ ਪੂਰਾ ਕਰੋ

ਤੁਹਾਡੇ ਦੁਆਰਾ ਆਪਣਾ ਨਵਾਂ ਪਾਸਵਰਡ ਬਣਾ ਲੈਣ ਤੋਂ ਬਾਅਦ, ਤੁਹਾਨੂੰ **ਵਿਦਿਆਰਥੀ ਐਲਾਨਨਾਮਾ ਅਤੇ ਮਨਜ਼ੂਰੀਆਂ** ਵਾਲੇ ਸਫੇ ਉਪਰ ਲਿਜਾਇਆ ਜਾਵੇਗਾ, ਜਿਸ ਵਿੱਚ WACE ਦੀਆਂ ਜ਼ਰੂਰਤਾਂ ਅਤੇ ਨਿਯਮਾਂ ਦੀ ਪਾਲਣਾ ਬਾਰੇ ਜਾਣਕਾਰੀ ਸ਼ਾਮਲ ਹੈ ਜੋ ਕਿ *12ਵੀਂ ਜਮਾਤ ਦੀ ਜਾਣਕਾਰੀ ਵਾਲੀ ਕਿਤਾਬ* ਵਿੱਚ ਦਿੱਤੀ ਗਈ ਹੈ ਅਤੇ EAL/D ਕੋਰਸਾਂ ਵਿੱਚ ਦਾਖਲਾ ਲੈਣ ਦੀ ਯੋਗਤਾ ਉਪਰ ਲਾਗੂ ਪਾਬੰਦੀਆਂ ਬਾਰੇ ਤੁਹਾਡੀ ਜਾਗਰੂਕਤਾ ਸ਼ਾਮਲ ਹੈ।




ਇਹ ਪੁਸ਼ਟੀ ਕਰਨ ਲਈ ਕਿ ਤੁਸੀਂ ਜਾਣਕਾਰੀ ਪੜ੍ਹ ਅਤੇ ਸਮਝ ਲਈ ਹੈ ਚੈਕ ਬਾਕਸ ਉਪਰ ਕਲਿੱਕ ਕਰੋ (ਹੇਠਾਂ ਚਮਕਾਇਆ ਗਿਆ ਹੈ), ਅਤੇ ਫਿਰ **Submit** ਬਟਨ (ਹੇਠਾਂ ਚਮਕਾਇਆ ਗਿਆ ਹੈ) ਉਪਰ ਕਲਿੱਕ ਕਰੋ।




ਤੁਹਾਡੇ ਨਤੀਜਿਆਂ ਨੂੰ ਵਰਤਣ (ਜੇ ਤੁਸੀਂ ਕੋਈ ਇਨਾਮ ਜਿੱਤਦੇ ਹੋ), ਅਤੇ
ਸਕੂਲ ਦੇ ਹੋਰ ਕੰਮਾਂ (ਬਿਨਾਂ ਪਛਾਣਿਆਂ ਕਿ ਤੁਸੀਂ ਕੌਣ ਹੋ) ਬਾਰੇ ਮੀਡੀਆ ਨਾਲ ਸੰਚਾਰ ਕਰਨ ਲਈ ਵੀ ਅਧਿਕਾਰੀ ਤੁਹਾਡੇ ਕੋਲੋਂ ਆਗਿਆ ਮੰਗਣਗੇ।

ਹਰੇਕ ਬਿਆਨ ਵਾਸਤੇ ਇਹਨਾਂ ਵਿੱਚੋਂ **ਹਾਂ** ਜਾਂ **ਨਾਂਹ** ਵਿੱਚੋਂ ਇਕ ਉਪਰ ਕਲਿੱਕ ਕਰੋ (ਹੇਠਾਂ ਚਮਕਾਇਆ ਗਿਆ ਹੈ) ।

ਜਦੋਂ ਤੁਸੀਂ ਹਰੇਕ ਬਿਆਨ ਦਾ ਜਵਾਬ ਦੇ ਦਿੱਤਾ, ਵਿਦਿਆਰਥੀ ਪੋਰਟਲ ਦੇ ਵਿੱਚ ਜਾਣ ਲਈ **Submit** ਬਟਨ (ਹੇਠਾਂ ਚਮਕਾਇਆ ਗਿਆ ਹੈ) ਉਪਰ ਕਲਿੱਕ ਕਰੋ।




ਨੋਟ: ਅਗਲੀ ਵਾਰ ਵਿਦਿਆਰਥੀ ਪੋਰਟਲ ਦੇ ਵਿੱਚ ਲੌਗ ਇਨ ਕਰਨ ਸਮੇਂ. ਤੁਹਾਨੂੰ ਸਿਰਫ ਤੁਹਾਡਾ **WA ਵਿਦਿਆਰਥੀ ਨੰਬਰ** ਅਤੇ ਤੁਹਾਡਾ **ਨਵਾਂ ਪਾਸਵਰਡ** ਦਰਜ਼ ਕਰਨਾ ਹੋਵੇਗਾ।